IJNRD.ORG ISSN : 2456-4184
INTERNATIONAL JOURNAL OF NOVEL RESEARCH AND DEVELOPMENT (IJNRD) | IJNRD.ORG
An International Open Access, Peer-reviewed, Refereed Journal

# ਬਲਵੰਤ ਗਾਰਗੀ ਦੇ ਨਾਟਕਾਂ ਵਿਚ ਪੇਸ਼ ਮਲਵਈ ਉਪ-ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਦਾ

## ਆਲੋਚਨਾਤਮਿਕ ਅਧਿਐਨ

ਪੰਜਾਬੀ ਸਾਹਿਤ ਦੇ ਖੇਤਰ ਵਿਚ ਬਲਵੰਤ ਗਾਰਗੀ ਦਾ ਨਾਮ ਉੱਘੇ ਨਾਟਕਕਾਰਾਂ ਵਿਚੋਂ ਲਿਆ ਜਾਂਦਾ ਹੈ। ਬਲਵੰਤ ਗਾਰਗੀ ਮਾਲਵੇ ਦੇ ਪਿੰਡਾਂ ਦਾ ਜੰਮਪਲ ਹੋਣ ਕਰਕੇ ਉਸਨੇ ਪਿੰਡਾਂ ਦੀ ਜ਼ਿੰਦਗੀ ਨੂੰ ਚੰਗੀ ਤਰ੍ਹਾਂ ਨੇੜੇ ਤੋਂ ਦੇਖਿਆ ਅਤੇ ਸਮਝਿਆ ਹੈ। ਉਸਦੇ ਜ਼ਿਆਦਾਤਰ ਨਾਟਕ ਮਾਲਵੇ ਦੀ ਪੇਂਡੂ ਜ਼ਿੰਦਗੀ ਨਾਲ ਹੀ ਸੰਬੰਧਿਤ ਹਨ। ਹਥਲੇ ਖੋਜ-ਪੱਤਰ ਵਿਚ ਬਲਵੰਤ ਗਾਰਗੀ ਦੇ ਨਾਟਕਾਂ ਵਿਚ ਪੇਸ਼ ਕਦਰਾਂ-ਕੀਮਤਾਂ ਦੀ ਪਛਾਣ ਕੀਤੀ ਗਈ ਹੈ। ਬਲਵੰਤ ਗਾਰਗੀ ਨੇ ਮਲਵਈ ਸਭਿਅਚਾਰ ਨੂੰ ਆਪਣੀ ਨਾਟ-ਰਚਨਾ ਵਜੋਂ ਗ੍ਰਹਿਣ ਕਰਦੇ ਹੋਏ ਨਾਟਕਾਂ ਦੀ ਕਾਰਜ ਭੂਮੀ ਪੰਜਾਬ ਦੇ ਮਾਲਵਾ ਖੇਤਰ ਦਾ ਉਹ ਇਲਾਕਾ ਹੈ ਜਿੱਥੇ ਲੰਮਾ ਸਮਾਂ ਰਿਆਸਤੀ/ਜ਼ਾਗੀਰਦਾਰੀ ਰਾਜ ਕਾਇਮ ਰਿਹਾ ਹੈ। ਰਿਆਸਤੀ/ਜ਼ਾਗੀਰਦਾਰੀ ਰਾਜ-ਪ੍ਰਬੰਧ ਦੇ ਅਧੀਨ ਮਾਲਵੇ ਦੇ ਉਪ-ਸਭਿਆਚਾਰ ਵਿਚ ਅਜਿਹੀਆਂ ਕਦਰਾਂ-ਕੀਮਤਾਂ ਦੀ ਸਿਰਜਣਾ ਹੁੰਦੀ ਹੈ। ਜਿਹੜੀਆਂ ਮਲਵਈ ਉਪ-ਸਭਿਆਚਾਰ ਨੂੰ ਪੰਜਾਬ ਦੇ ਹੋਰ ਖੇਤਰੀ ਉਪ-ਸਭਿਆਚਾਰ ਨਾਲੋਂ ਨਿਖੇੜਦੀਆਂ ਹਨ। ਇਹਨਾਂ ਕਦਰਾਂ-ਕੀਮਤਾਂ ਦੇ ਸਾਕਰਾ ਤਮਿਕ ਰੁਝਾਨਾਂ ਵਿਚ ਉਲਝੇ ਮਲਵਈਆਂ ਦੇ ਉਪ-ਭਾਸ਼ਾਈ ਸੰਸਕਾਰਾਂ ਅਤੇ ਲੋਕ-ਸਭਿਆਚਾਰ ਨੂੰ ਬਲਵੰਤ ਗਾਰਗੀ ਨੇ ਆਪਣੀ ਨਾਟ-ਸਿਰਜਣਾ ਦਾ ਆਧਾਰ ਬਣਾਇਆ ਹੈ। ਉਹ ਮਲਵਈ ਉਪ-ਸਭਿਆਚਾਰ ਦੇ ਕਈ ਲੁਕਵੇਂ ਅਤੇ ਅਣਗੌਲੇ ਪਾਸਾਰਾਂ ਨੂੰ ਨਾਟਕਾਂ ਦੇ ਮਾਧਿਅਮ ਰਾਹੀਂ ਨਾ ਕੇਵਲ ਪੇਸ਼ ਕਰਦਾ ਹੈ ਸਗੋਂ ਯਥਾਰਥਵਾਦੀ ਨਾਟ-ਦ੍ਰਿਸ਼ਟੀ ਦਾ ਵਿਸਥਾਰ ਵੀ ਕਰਦਾ ਹੈ। ਉਸਦੇ ਨਾਟਕਾਂ ਵਿਚ ਮਾਨਵੀ ਰਿਸ਼ਤਿਆਂ ਦਾ ਨਿਰੋਲ ਸਮਾਜ-ਸਭਿਆਚਾਰਕ ਸੰਦਰਭ ਹੀ ਪ੍ਰਸਤੁਤ ਨਹੀਂ ਹੁੰਦਾ ਸਗੋਂ ਮਾਲਵੇ ਦੀਆਂ ਲੋਕਧਾਰਾਈ ਪਰੰਪਰਾਵਾਂ ਅਤੇ ਰਹੁ-ਰੀਤਾਂ ਵੀ ਭਰਪੂਰ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

ਮਾਲਵਾ ਲੰਮਾ ਸਮਾਂ ਜ਼ਾਗੀਰਦਾਰੀ ਆਰਥਿਕ-ਪ੍ਰਬੰਧ ਹੇਠ ਰਹਿਣ ਕਰਕੇ ਮਲਵਈ ਸਮਾਜ ਸਭਿਆਚਾਰ ਦਾ ਖਾਸਾ ਵੀ ਜ਼ਾਗੀਰਦਾਰੀ ਹੀ ਬਣ ਗਿਆ ਹੈ। ਆਰਥਿਕ ਵਸੀਲਿਆਂ ਤੇ ਮਾਲਕੀ ਅਧਿਕਾਰ ਹੋਣ ਕਰਕੇ ਮਦਰ ਨੂੰ ਸਭਿਆਚਾਰਕ ਮੁੱਲ-ਵਿਧਾਨ ਦਾ ਨਾ-ਕੇਵਲ ਸਿਰਜਕ ਹੀ ਸਵੀਕਾਰਿਆ ਜਾਂਦਾ ਹੈ। ਜਿਸ ਕਾਰਣ ਆਰਥਿਕ ਪਾਲਕ ਵਜੋਂ ਤਸਲੀਮ ਕੀਤਾ ਜਾਂਦਾ ਹੈ। ਜਿਸ ਕਾਰਣ ਆਰਥਿਰਕ ਸ਼ਕਤੀਆਂ ਤੋਂ ਵਿਹੂਣੀ ਮਲਵਈ ਔਰਤ ਸਮਾਜ-ਸਭਿਆਚਾਰਕ ਪਰਿਪੇਖ ਵਿੱਚ ਹਾਸ਼ੀਏ ਤੇ ਪੱਕੀ ਹੋਈ ਮਰਦ ਦੇ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੈ। ਇਸ ਜ਼ਾਗੀਰਦਾਰੀ ਪ੍ਰਬੰਧ ਵਿੱਚ ਸਰਦ ਤੇ ਕੋਈ ਰੋਕ-ਟੋਕ ਨਹੀਂ ਹੈ। ਕੇਵਲ ਐਰਤ ਨੂੰ ਹੀ ਸੁੱਚਤਾ ਦਾ ਖਿਆਲ ਰੱਖਣਾ ਪੈਂਦਾ ਹੈ। ਮਰਦ ਆਪਣੀ ਮਨਮਰਜ਼ੀ ਕਰਦਾ ਹੈ। □ 'ਕਣਕ ਦੀ ਬੱਲੀ' ਨਾਟਕ ਦਾ ਪਾਤਰ ਮੱਘਰ ਇਸ ਜ਼ਾਗੀਰਦਾਰੀ ਪ੍ਰਬੰਧ ਦੀ ਪ੍ਰਤੀਨਿੱਧਤਾ ਕਰਦਾ ਹੈ। ਉਸਦੀ ਆਰਥਿਕ ਹਾਲਤ ਉਸਦੇ ਮਾੜੇ ਕੰਮਾਂ ਕਰਕੇ ਨਿਘਰੀ ਹੀ ਜਾਂਦੀ ਹੈ। ਪਰੰਤੂ ਫਿਰ ਵੀ ਉਸਦੇ ਮੰਦਰੋਂ ਜ਼ਾਗੀਰਦਾਰਾਂ ਵਾਲੀ ਭੋਰਾ ਵਿਲਾਸਤਾ ਤੇ ਮਰਦਾਣੀ ਹੈਂਕੜ ਖਾਰਜ ਨਹੀਂ ਹੁੰਦੀ। ਇਸ ਵਰਤਾਰੇ ਤਹਿਤ ਹੀ ਉਹ ਚਾਰ ਵਿਆਹ ਕਰਾਉਂਦਾ ਹੈ ਅਤੇ ਪੰਜਵਾਂ ਵਿਆਹ ਉਹ ਪਿੰਡ ਦੀ ਹੀ 'ਕਣਕ ਦੀ ਬੱਲੀ' ਵਗੀ ਪਿੰਡ ਦੇ ਕਿਰਤੀ ਪਰਿਵਾਰ ਦੀ ਕੁੜੀ 'ਤਾਰੋ' ਨਾਲ ਕਰਾਉਂਦਾ ਹੈ। ਆਪਣੀ ਜ਼ਾਗੀਰਦਾਰੀ ਹੈਕੜ ਕਰਕੇ ਉਹ ਆਪਣੀਆਂ ਪਹਿਲਾਂ ਤਿੰਨ ਪਤਨੀਆਂ ਦਾ ਕਤਲ ਕਰਦਾ ਹੈ ਅਤੇ ਚੌਥੀ ਪਤਨੀ ਠਾਕਰੀ ਨੂੰ ਕਈ ਢੰਗਾਂ ਨਾਲ ਸਰੀਰਕ ਤੇ ਮਾਨਸਿਕ ਤੌਰ ਤੇ ਪਰੇਸ਼ਾਨ ਕਰਦਾ ਹੈ। ਉਹ ਪਿੰਡ ਦੀ ਫੱਫੇਕੁਟਣੀ 'ਤਾਬਾਂ' ਦੀ ਮਦਦ ਨਾਲ 'ਤਾਰੋ' ਨੂੰ ਵਸਤੂ ਵਾਂਗ ਖਰੀਦ ਕੇ ਆਪਣੀ ਰਖੇਲ ਬਣਾਉਣਾ ਚਾਹੁੰਦਾ ਹੈ। ਉਹ ਪਿੰਡ ਦਾਂ ਕਈ ਨੂੰਹਾਂ, ਧੀਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦਾ ਹੈ। ਵਰਤਮਾਨ ਹਾਲਾਤ ਵਿੱਚ ਉਹ 'ਤਾਰੋ' ਨੂੰ ਭੋਗਣਾ ਚਾਹੁੰਦਾ ਹੈ, ਜਿਸ ਦੀ ਗਵਾਹੀ 'ਕਣਕ ਦੀ ਬੱਲੀ', ਨਾਟਕ ਦੇ ਹੇਠ ਲਿਖੇ ਵੇਰਵਿਆਂ ਤੋਂ ਮਿਲਦੀ ਹੈ:-

ਮੱਘਰ : ਮੇਰਾ ਕੰਮ ਕਰ ਦਿੱਤਾ?

ਤਾਬਾਂ : ਮੈਂ ਤਾਂ ਹਵਾ ਨੂੰ ਗੰਢ ਮਾਰ ਦਿਆਂ! ਬੱਦਲਾਂ ਵਿੱਚ ਮੋਰੀ ਕਰ ਦਿਆਂ, ਅਸਮਾਨ ਨੂੰ ਟਾਕੀ ਲਾ ਦਿਆਂ।

ਮੱਘਰ : ਮੇਰਾ ਇਤਬਾਰ ਨਹੀਂ ਕਰਦੀ?

ਤਾਬਾਂ : ਬਥੇਰਾ ਇਤਬਾਰ ਕੀਤਾ ਤੇਰਾ। ਐਨਾ ਤਾਂ ਮੈਂ ਕਦੇ ਆਪਣੇ ਖ਼ਸਮ ਦਾ ਵੀ ਨਹੀਂ ਸੀ ਕੀਤਾ, ਪਰ ਇਸ ਦਾ ਇਨਾਮ ਕੀ ਮਿਲਿਆ? ਮਿੱਟੀ! ਤੇਰੀ ਖਾਤਰ ਮੈਂ ਕਿੱਥੇ ਨਹੀਂ ਫੇਰੇ ਪਾਏ? ਨਾਈਆਂ ਦੀ ਕੁੜੀ ਤੈਨੂੰ ਫਾਹ ਕੇ ਦਿੱਤੀ-ਖਖੜੀ ਵਰਗੀ ਕੁੜੀ। ਰਵੀਏ ਲੁਹਾਰ ਦੀ ਭਤੀਜੀ ਲਿਆਂਦੀ। ਸਭ ਨੂੰ ਛਕ ਗਿਆ।..... ਜੈਲਦਾਰ ਦੀ ਨੂੰਹ ਨਾਲ ਗੱਲ ਪੱਕੀ ਠੱਕੀ ਕਰ ਲਈ। ਉਹ ਵੀ ਮੰਨ ਗਈ।[1]

ਇਉਂ 'ਮੱਘਰ' ਜ਼ਾਗੀਰਦਾਰੀ ਰੁਚੀਆਂ ਤਹਿਤ ਪਿੰਡ ਦੀ ਹਰ ਖੂਬਸੂਰਤ ਤੀਵੀਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਲਈ ਵਸਤੂ ਵਾਂਗ ਇਸਤੇਮਾਲ ਕਰਦਾ ਹੈ। ਪਿੰਡ ਦਾ ਕੋਈ ਵੀ ਬੰਦਾ ਉਸਦਾ ਵਿਰੋਧ ਨਹੀਂ ਕਰਦਾ। ਸਗੋਂ ਇਸ ਤਸ਼ੱਦਦ ਨੂੰ ਜਾਗੀਰਦਾਰਾਂ ਦੇ ਚੋਜ਼ ਕਹਿ ਕੇ ਦਬਵੀਂ ਸੁਰ ਵਿਚੀਚ ਆਪਣੀ ਸਹਿਮਤੀ ਜਤਾਅ ਦਿੰਦਾ ਹੈ।

ਮਾਲਵੇ ਦੇ ਅਰਧ-ਜ਼ਾਗੀਰਦਾਰੀ ਕਦਰਾਂ ਵਾਲੇ ਸਮਾਜ-ਸਭਿਆਚਾਰ ਵਿੱਚ ਵਿਚਰਨ ਵਾਲੇ ਆਰਥਿਕ ਪੱਖੋਂ ਕਮਜ਼ੋਰ ਪਰੰਤੂ ਪਰਿਵਾਰਕ ਆਰਥਿਕਤਾ ਦਾ ਆਧਾਰ ਬਣੇ ਮਰਦ ਵੀ ਪਰਿਵਾਰਕ ਪੱਧਰ 'ਤੇ ਆਪਣੀਆਂ ਔਰਤਾਂ ਨਾਲ ਜ਼ੁਲਮ ਕਰਦੇ ਹਨ। ਅਜਿਹੇ ਮਰਦਾਂ ਦੀ ਪ੍ਰਤਿਨਿਧੱਤਾ ਕਰਦਾ 'ਲੋਹਾ ਕੁੱਟ' ਨਾਟਕ ਦਾ ਪਾਤਰ 'ਕਾਕੂ' ਹੈ। 'ਕਾਕੂ' ਲੁਹਾਰਾ ਕਿੱਤਾ ਕਰਦੇ ਅਜਿਹੇ ਮਲਵਈ ਵਜੋਂ ਦ੍ਰਿਸ਼ਟੀਗੋਚਰ ਹੁੰਦਾ ਹੈ ਜੋ ਮਲਵਈ ਉਪ-ਸਭਿਆਚਾਰ ਦੀਆਂ ਅਰਧ-ਜਾਗੀਰੂ ਕਦਰਾਂ-ਕੀਮਤਾਂ ਨੂੰ ਆਪਣੇ ਅੰਦਰੋਂ ਖਤਮ ਨਹੀਂ ਹੋਣ ਦਿੰਦਾ। ਉਸਦੇ ਅਜਿਹੇ ਸਖ਼ਤ ਸੁਭਾਅ ਤੋਂ ਤੰਗ ਆ ਕੇ ਉਸਦੀ ਪਤਨੀ 'ਸੰਤੀ' ਅਤੇ ਧੀ 'ਬੱਣੋ' ਆਪਣੇ-ਆਪਣੇ ਪ੍ਰੇਮੀਆਂ ਨਾਲ ਉਧਲ ਜਾਂਦੀਆਂ ਹਨ। ਨਾਟਕੀ ਵੇਰਵਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ 'ਕਾਕੂ' ਨੂੰ ਲੋਹਾਰ ਤੋਂ 'ਲੋਹਾ ਕੁੱਟ' ਬਣਾਉਣ ਵਿੱਚ ਕਿੱਤੇ ਵੀ ਕਠੋਰਤਾ ਤੇ ਮਲਵਈ ਸਭਿਆਚਾਰ ਦੀਆਂ ਅਰਧ-ਜਗੀਰੂ ਕਦਰਾਂ-ਕੀਮਤਾਂ ਨੂੰ ਆਧਾਰੀ ਪਿੱਲਰਾਂ ਵਜੋਂ ਕਾਰਜ ਕੀਤਾ ਹੈ।

ਕਾਕੂ : ...ਮੈਨੂੰ ਸਿਰਫ਼ ਹਥੋੜਾ ਚਲਾਉਣਾ ਆਉਂਦਾ ਸੀ। ਹਥੋੜੇ, ਛੈਣੀ ਤੇ ਸੰਤੀ ਹੀ ਮੇਰੇ ਖਿਡੋਣੇ ਸਨ। ਇਹਨਾਂ ਨਾਲ ਹੀ ਖੇਡਦਾ ਮੈਂ ਵੱਡਾ ਹੋਇਆਂ। ਭੱਠੀ ਉਤੇ ਦਿਨ ਰਾਤ ਕੰਮ ਕੀਤਾ ਤੇ ਇਲਾਕੇ ਦਾ ਸਭ ਤੋਂ ਵੱਡਾ ਲੁਹਾਰ ਬਣ ਗਿਆ। ਕਬੀਲੇ ਵਿਚ ਲੋਕ ਮੇਰੀ ਤਾਕਤ ਨੂੰ ਮੰਨਣ ਲੱਗੇ। ਰੋਹੀ ਦੇ ਜੰਡ ਵਾਂਗ ਮੈਂ ਇਕੱਲਾ ਸਾਂ, ਤੇ ਤਾਕਤਵਰ, ਮੇਰੇ ਹਥੋੜੇ ਵਿਚੋਂ ਚੰਗਿਆੜੇ ਉਡਦੇ ਸਨ।[2]

ਨਾਟਕੀ ਵੇਰਵਿਆਂ ਵਿਚਲੇ 'ਇਲਾਕੇ ਦਾ ਸਭ ਤੋਂ ਲੁਹਾਰ' 'ਕਬੀਲੇ ਵਿੱਚ ਲੋਕਾਂ ਦਾ ਕਾਕੂ ਦੀ ਤਾਕਤ ਨੂੰ ਮੰਨਣਾ, 'ਰੋਹੀ ਦੇ ਜੰਡ ਵਾਂਗ ਇਕੱਲਾ ਤੇ ਤਾਕਤਵਰ', 'ਹਥੌੜੇ ਵਿਚੋਂ ਚੰਗਿਆੜੀਆਂ ਦਾ ਉਡਣਾ' ਆਦਿ 'ਕਾਕੂ' ਦੀਆਂ ਅਰਧ-ਜਗੀਰੂ ਬਿਰਤੀਆਂ ਅਤੇ ਮਰਦਾਵੀਂ ਹੈਂਕੜ ਦੇ ਬਲਬੂਤੇ ਪਰਿਵਾਰਕ ਜੀਆਂ 'ਤੇ ਕਰਨ ਦੀ ਅਕਾਂਖਿਆਂ ਦੀ ਗਵਾਹੀ ਭਰਦੇ ਹਨ। ਜ਼ੁਲਮ ਕਾਕੂ ਦੀ ਮਰਦਾਵੀਂ ਹੈਂਕੜ ਨੂੰ ਉਦੋਂ ਸੱਟ ਵਜਦੀ ਹੈ ਜਦੋਂ ਵਿਆਹ ਤੋਂ ਬਾਅਦ ਉਸਨੂੰ ਇਸ ਗੱਲ ਦਾ ਇਲਮ ਹੁੰਦਾ ਹੈ ਕਿ ਉਸਦੀ ਪਤਨੀ ਸੰਤੀ ਆਪਣੇ ਪਿੰਡ ਦੇ ਜੱਟਾਂ ਦੇ ਮੁੰਡੇ ਗੱਜਣ ਨੂੰ ਪਿਆਰ ਕਰਦਾ ਰਹੀ ਹੈ ਤੇ ਵਰਤਮਾਨ ਸਮੇਂ ਵਿੱਚ ਵੀ ਗੱਜਣ ਤੇ ਸੰਤੀ ਚੋਰੀ ਛਿਕੇ ਮਿਲਦੇ ਹਨ। ਬਾਅਦ ਵਿਚ ਉਹ ਹੋਰ ਅੱਗ ਭਬੂਲਾ ਹੋ ਜਾਂਦਾ ਹੈ ਜਦੋਂ ਉਸਨੂੰ ਇਸ ਗੱਲ ਦਾ ਪਤਾ ਲਗਦਾ ਹੈ ਕਿ ਉਸਦੀ ਧੀ ਬੱਣੋ ਵੀ ਆਪਣੇ ਪਿੰਡ ਦੇ ਜੱਟਾਂ ਦੇ ਮੁੰਡੇ 'ਸਰਬਣ' ਨੂੰ ਮਿਲਦੀ ਹੈ। ਇਹ ਗੱਲਾਂ ਕਾਕੂ ਦੀਆਂ ਅਰਧ-ਜਾਗੀਰੂ ਕਦਰਾਂ-ਕੀਮਤਾਂ ਲਈ ਵੰਗਾਰ ਪੈਦਾ ਕਰਦੀਆਂ ਹਨ ਕਿਉਂਕਿ ਮਾਲਵੇ ਦਾ ਅਰਧ-ਜਾਗੀਰੂ ਪੈਂਡੂ ਸਮਾਜ-ਸਭਿਆਚਾਰ ਅਜਿਹੇ ਰਿਸ਼ਤੇ ਨੂੰ ਪ੍ਰਵਾਨਗੀ ਨਹੀਂ ਦਿੰਦਾ ਜਿਸ ਵਿੱਚ ਪਿੰਡ ਦੇ ਤੇ ਉਹ ਵੀ ਅਲੱਗ-ਅਲੱਗ ਜਾਤਾਂ ਦੇ ਮੁੰਡੇ-ਕੁੜੀਆਂ ਇਕ-ਦੂਜੇ ਨੂੰ ਪਿਆਰ ਕਰਨ ਹਿੱਤ ਸਭਿਆਚਾਰਕ ਕਦਰਾਂ-ਕੀਮਤਾਂ ਦਾ ਉਲੰਘਣ ਕਰਦੇ ਹੋਣ। 'ਕਾਕੂ' ਵਾਂਗ 'ਸੰਤੀ' ਦਾ ਬਾਪ ਵੀ ਮਾਲਵੇ ਦੇ ਜ਼ਾਗੀਰਦਾਰੀ ਸਭਿਆਚਾਰ ਦਾ ਕਿਰਤੀ ਬਸ਼ਿੰਦਾ ਹੈ। ਇਸ ਲਈ ਉਸਦੇ ਸੁਭਾਅ ਦਾ ਲੋਹੇ ਵਰਗਾ ਕਠੋਰ ਹੋਣਾ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ। 'ਸੰਤੀ' ਦੇ ਬਾਪ ਦੇ ਅਮਾਨਵੀ ਵਿਵਹਾਰ ਕਰਕੇ ਹੀ 'ਸੰਤੀ' ਦੀ ਮਾਂ ਆਤਮ-ਹੱਤਿਆ ਕਰ ਲੈਂਦੀ ਹੈ ਜਿਸ ਦੀ ਸੂਚਨਾ 'ਲੋਹਾ ਕੁੱਟ' ਨਾਟਕ ਵਿਚੋਂ ਮਿਲਦੀ ਹੈ। 'ਸੰਤੀ' ਦੇ ਬਾਪ ਤੇ 'ਕਾਕੂ' ਦੇ ਵਿਹਾਰ ਵਿਚਲੀ ਸਮਾਨਤਾ ਅਸਲ ਵਿੱਚ ਮਾਲਵੇ ਦੇ ਮਰਦ ਪ੍ਰਧਾਨ ਜਗੀਰਦਾਰੀ ਕਦਰਾਂ-ਕੀਮਤਾਂ ਵਾਲੇ ਸਭਿਆਚਾਰ ਦੀ ਦੇਣ ਹੈ। ਪੀੜੀ-ਦਰ-ਪੀੜੀ ਸਰਦ ਵਲੋਂ ਔਰਤ 'ਤੇ ਜ਼ੁਲਮਾਂ ਦੀ ਸੂਚਨਾ ਸੰਤੀ ਦੇ ਹੇਠ ਲਿਖੇ ਬੋਲਾਂ ਤੋਂ ਮਿਲਦੀ ਹੈ।

ਸੰਤੀ: ਮੇਰਾ ਬਾਪ ਵੀ ਇਕ ਜਾਲਮ ਲੋਹਾ-ਕੁੱਟ ਸੀ- ਅੜਬ, ਸ਼ਰੀਕਾਂ ਨਾਲ ਵੈਰ ਰੱਖਣ ਵਾਲਾ, ਸ਼ੱਕੀ। ਸਾਰੀ ਉਮਰ ਮੇਰੀ ਮਾਂ ਨੂੰ ਕੋਹਦਾ ਰਿਹਾ। ਇਕ ਦਿਨ ਉਹ ਕਚਿਹਰੀ ਗਵਾਹੀ ਦੇਣ ਗਿਆ। ਸਾਡੇ ਵਿਹੜੇ ਨਿੰਮ ਦਾ ਦਰੱਖਤ ਸੀ ਜਿਸ ਉਤੇ ਮੈਂ ਪੀਂਘ ਝੂਟਦੀ। ਉਸੇ ਪੀਂਘ ਦੇ ਰੱਸੇ ਨਾਲ ਮੇਰੀ ਮਾਂ ਨੇ ਫਾਹਾ ਲੈ ਲਿਆ। ਮੇਰੇ ਬਾਪ ਨੇ ਮੈਨੂੰ ਤੇਰੇ ਨਾਲ ਵਿਆਹ ਕੇ ਆਪਣਾ ਹੱਠ ਪੁਗਾਇਆ। ਮੈਂ ਇਕ ਭੱਠੀ ਤੋਂ ਦੂਜੀ ਭੱਠੀ ਦੀ ਸੁਆਹ ਫਰੋਲਣ ਲਈ ਇਥੇ ਆ ਗਈ। ਇੱਥੇ ਹਰ ਚੀਜ਼ ਤੇਰੇ ਕਰੜੇ ਸੁਭਾਅ ਨੇ ਪੀਹ ਸੁੱਟੀ।[3]

ਜ਼ਾਗੀਰਦਾਰੀ ਸਮਾਜ ਸਭਿਆਚਾਰ ‘ਧੀ’ ਲਈ ‘ਵਰ’ ਦੀ ਚੋਣ ਦਾ ਅਧਿਕਾਰ ਪਿੱਤਰ ਸੱਤਾ ਦੇ ਅੰਤਰਗਤ ਘੜ ਦੇ ਮੁਖੀ ‘ਪਿਤਾ’ ਨੂੰ ਹੀ ਪ੍ਰਾਪਤ ਹੈ। ਜਾਗੀਰਦਾਰੀ ਕਦਰਾਂ-ਕੀਮਤਾਂ ਨਾਲ ਪ੍ਰਨਾਏ ਮਰਦ ਲਈ ਹਿ ਬਰਦਾਸ਼ਤ ਕਰਨਾ ਬੜਾ ਕਠਿਨ ਹੈ ਕਿ ਉਸ ਦੀ ਧੀ ਆਪ ਵਰ ਦੀ ਚੋਣ ਕਰੇ ਜਾਂ ਕਿਸੇ ਗ਼ੈਰ ਸਰਦ ਨੂੰ ਪਿਆਰ ਕਰੇ ਕਿਉਂਕਿ “ਪਿਆਰ ਜਾਗੀਰਦਾਰੀ ਸੰਸਕ੍ਰਿਤੀ ਨੂੰ ਸਾਂਸਕ੍ਰਿਤਿਕ ਮੁਹਾਜ ਉਤੇ ਵੰਗਾਰ ਹੈ।”[4] ਇਸੇ ਲਈ ਪਹਿਲਾਂ ‘ਸੰਤੀ’ ਦਾ ਬਾਪ ਆਪਣੀ ਧੀ ਦੀ ਇੱਛਾ ਦੇ ਉਲਟ ਉਸਦਾ ਵਿਆਹ ‘ਕਾਕੂ’ ਨਾਲ ਕਰਦਾ ਹੈ ਤੇ ਫਿਰ ‘ਕਾਕੂ’ ਆਪਣੀ ਧੀ ‘ਬੈਣੋ’ਦਾ ਰਿਸ਼ਤਾ ਉਸਦੀ ਇੱਛਾ ਦੇ ਵਿਰੁੱਧ ਲੁਹਾਰਾਂ ਦੇ ਮੁੰਡੇ ਨਾਲ ਕਰਦਾ ਹੈ। ਆਪਣੀ ਇਤਿਹਾਸਕ ਸਥਿਤੀ ਅਨੁਸਾਰ ‘ਸੰਤੀ’ ਤਾਂ ਆਪਣੇ ਬਾਪ ਦਾ ਵਿਰੋਧ ਨਹੀਂ ਕਰ ਪਾਉਂਦੀ ਪਰੰਤੂ ‘ਬੈਣੋ’ ਪ੍ਰਤੱਖ ਰੂਪ ਵਿਚ ਨਾ-ਕੇਵਲ ‘ਕਾਕੂ’ ਦੇ ਵਿਰੋਧ ਵਿੱਚ ਖੜ੍ਹਦੀ ਹੈ ਤੇ ਆਪਣੇ ਪ੍ਰੇਮੀ ਨਾਲ ਉ...ਲ ਜਾਂਦੀ ਹੈ। ਇਹ ਸਭ ਵਾਪਰਣ ਦੇ ਬਾਵਜੂਦ ਵੀ ‘ਕਾਕੂ’ ਆਪਣੀ ਮਰਦਾਵੀਂ ਹੈਂਕੜ ਨੂੰ ਛੱਡਣ ਲਈ ਤਿਆਰ ਨਹੀਂ ਸਗੋਂ ਸਾਰਾ ਦੋਸ਼ ‘ਸੰਤੀ’ ਨੂੰ ਦਿੰਦਾ ਹੈ:

ਸੰਤੀ: ਬੈਣੋ ਦੀ ਗੱਲ ਨਾ ਛੇੜੀਂ ਮੁੜ ਕੇ!

ਕਾਕੂ: ਕਿਉਂ ਨਾ ਛੇੜਾਂ? ਬੈਣੋ ਤੇਰੀ ਧੀ ਸੀ।

ਸੰਤੀ: ਤੇਰੀ ਵੀ ਤਾਂ ਸੀ।

ਕਾਕੂ: ਉਹ ਤੇਰੀ ਜਣੀ ਸੀ ਉਸ ਵਿੱਚ ਜਨਮ ਤੋਂ ਖੋਟ ਸੀ। ਜੇ ਮੇਰੀ ਹੁੰਦੀ ਤਾਂ ਨਸਦੀ ਨਾ। ਇਸ ਪਿੰਡ ਵਿੱਚ ਕਦੇ ਅਜਿਹੀ ਗੱਲ ਨਹੀਂ ਸੀ ਹੋਈ। ਤੀਵੀਆਂ ਚੁੱਲੇ ਉਤੇ ਰਹੀਆਂ, ਤੇ ਮਰਦ ਸਦਾ ਮਹਿਰਨ ਉਤੇ। ਜੇ ਪਤਾ ਹੁੰਦਾ ਉਹ ਅਜਿਹੀ ਬਦਜ਼ਾਤ ਨਿਕਲੂ ਤਾਂ ਜੰਮਦੀ ਦਾ ਹੀ ਗਲ ਘੁਟ ਸੁੱਟਦਾ।[5]

‘ਕਾਕੂ’ ਅਪ੍ਰਤੱਖ ਰੂਪ ਵਿੱਚ ‘ਸੰਤੀ’ ਨੂੰ ‘ਗੱਜਣ’ ਨਾਲ ਪਿਆਰ ਸਬੰਧੀ ਦੋਸ਼ੀ ਛਹਿਰਾਉਂਦਾ ਹੈ। ਉਹ ਬੈਣੋ ਦੇ ਨਾਲ-ਨਾਲ ਸੰਤੀ ਨੂੰ ਵੀ ਦਗੇਬਾਜ਼ ਸਿੱਧ ਕਰਦਾ ਹੋਇਆ ਉਸਦੇ ਚਰਿੱਤਰ ਨੂੰ ਪ੍ਰਸ਼ਨ ਚਿੰਨ੍ਹਤ ਕਰਦਾ ਹੈ। ਆਪਣੇ ‘ਧਣਸੋ’ ਨਾਲ ਵਿਆਹ ਬਾਰੇ ਕਾਮ-ਸਬੰਧਾਂ ਨੂੰ ਵੀ ਉਹ ਮਰਦ ਹੋਣ ਕਰਕੇ ਜ਼ਾਇਜ ਗਰਦਾਨਦਾ ਹੈ। ਮਲਵਈ ਉਪ-ਸਭਿਆਚਾਰ ਵਿੱਚ ਜ਼ਾਗੀਰਦਾਰੀ ਕਦਰਾਂ-ਕੀਮਤਾਂ ਕਰਕੇ ਧੀ ਨੂੰ ਬੋਝ ਸਮਝਿਆ ਜਾਂਦਾ ਹੈ ਤੇ ਪੁੱਤ ਨੂੰ ਵਾਰਸ ਵਜੋਂ ਤਸਲੀਮ ਕਰਕੇ ਚਾਵਾਂ ਨਾਲ ਪਾਲਿਆ ਜਾਂਦਾ ਹੈ। ਮਰਦ ਆਪਣੀ ਪ੍ਰਭੂਸੱਤਾ ਨੂੰ ਪੀੜੀ-ਦਰ-ਪੀੜੀ ਬਣਾਈ ਰੱਖਣ ਦੀ ਅਕਾਂਖਿਆ ਸਦਕਾ ਲਗਦੀ ਵਾਹ ਧੀ ਨੂੰ ਆਪਣੇ ਘਰ ਪੈਦਾ ਨਹੀਂ ਹੋਣ ਦਿੰਦਾ ਜਾਂ ਫਿਰ ਬਚਪਨ ਵਿਚ ਹੀ ਉਸਨੂੰ ਕਤਲ ਕਰ ਦਿੰਦਾ ਹੈ। ਜੇ ਇਹਨਾਂ ਦੋਹਾਂ ਸਥਿਤੀਆਂ ਵਿਚੋਂ ਧੀ ਬਚ ਜਾਂਦੀ ਹੈ ਤਾਂ ਉਸ ‘ਤੇ ਐਨੀ ਕਰੜਾਈ ਨਾਲ ਸਭਿਆਚਾਰਕ ਨਿਯਮਾਂ ਨੂੰ ਲਾਗੂ ਕੀਤਾ ਜਾਂਦਾ ਹੈ ਕਿ ਉਸਦਾ ਦਮ ਘੁਟਣ ਲੱਗਦਾ ਹੈ। ਅਜੋਕੇ ਮਲਵਈ ਸਮਾਜ-ਸਭਿਆਚਾਰ ਵਿਚ ਵਿਕਰਾਲ ਰੂਪ ਧਾਰ ਚੁੱਕੇ ਕੰਨਿਆ ਭਰੂਣ ਹੱਤਿਆ ਦੇ ਅਨੈਤਿਕ ਵਰਤਾਰੇ ਦੀ ਪਿੱਠਭੂਮੀ ਵਿੱਚ ਮਰਦ ਦੀ ਅਖੌਤੀ ਮਰਦਾਵੀਂ ਹੈਂਕੜ ਮਲਵਈ ਸਭਿਆਚਾਰਕ ਪਰਿਵੇਸ਼ ਵਿੱਚ ਔਰਤ ਦੂਹਰੇ-ਤੀਹਰੇ ਸੰਕਟ ਦੀ ਭਾਗੀ ਬਣਦੀ ਹੈ। ਮਾਪਿਆਂ ਵਲੋਂ ਉਸਨੂੰ ‘ਪਰਾਇਆ ਧੰਨ’ ਅਤੇ ਸਹੁਰਿਆਂ ਵਲੋਂ ‘ਬਗਾਨੀ ਧੀ’ ਦੀ ਪਦਵੀ ਦਿੱਤੀ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਵਿਚਰਦੀ ਮਲਵਈ ਔਰਤ ਆਪਣੀ ਹੋਂਦ ਨੂੰ ਬਣਾਈ ਰੱਖਣ ਲਈ ਅਨੇਕ ਸੰਕਟਾਂ ਨਾਲ ਦੋ-ਚਾਰ ਹੁੰਦੀ ਨਜ਼ਰ ਆਉਂਦੀ ਹੈ। ਮਲਵਈ ਸਭਿਆਚਾਰ ਵਿੱਚ ਧੀ ਲਈ ਵਰ ਚੁਣਨ ਤੇ ਵਿਆਹ ਕਰਨ ਲੱਗਿਆਂ ਵੀ ਮਰਦ ਆਪਣੇ ਹਿੱਤਾਂ ਦਾ ਖਿਆਲ ਰੱਖਦਾ ਹੈ। “ਵਿਆਹ ਪ੍ਰਬੰਧ ਵਿਸ਼ੇਸ਼ ਸਥਾਪਿਤ ਸਮਾਜਿਕ ਪ੍ਰਬੰਧ ਦੇ ਸਰੂਪ ਅਨੁਸਾਰ ਆਰਥਿਕ ਆਧਾਰਾਂ ਉਪਰ ਸਿਰਜੇ ਜਾਂਦੇ ਰਿਸ਼ਤਿਆਂ ਨੂੰ ਤਰਤੀਬ ਦੇਣ ਦਾ ਪ੍ਰਵਾਨਿਤ ਰੂਪ ਹੈ। ਨਿਜੀ ਜਾਇਦਾਦ ‘ਤੇ ਆਧਾਰਿਤ ਜਮਾਤੀ-ਸਮਾਜ ਵਿੱਚ ਇਹ ਨਵੇਂ ਮੇਲ ਰਾਹੀਂ ਸਮਾਜਿਕ ਤਾਕਤ ਪ੍ਰਾਪਤ ਕਰਨ ਅਤੇ ਜਮਾਤੀ ਹਿਤ ਪੂਰਨ ਦਾ ਸਾਧਨ ਬਣਦਾ ਹੈ।”[6] ‘ਇਸੇ ਕਰਕੇ ਹੀ ਨਾ ਕੇਵਲ ‘ਲੋਹਾ ਕੁੱਟ’ ਦਾ ਕਿਰਤੀ ਪਾਤਰ ‘ਕਾਕੂ’ ਹੀ ਆਪਣੀ ਧੀ ‘ਬੈਣੋ’ ਦਾ ਰਿਸ਼ਤਾ ਸਰਦੇ-ਪੁਜਦੇ ਲੁਹਾਰਾਂ ਦੇ ਮੁੰਡੇ ਨੂੰ ਕਰਨਾ ਚਾਹੁੰਦਾ ਹੈ ਸਗੋਂ ‘ਨਵਾਂ ਮੁੱਢ’ ਨਾਟਕ ਦਾ ਸਰਦਾ-ਪੁਜਦਾ ਜ਼ਿਮੀਂਦਾਰ ਪਾਤਰ ‘ਖੇਮਾ’ ਦੀ ਆਪਣੇ ਜਮਾਤੀ ਹਿਤਾਂ ਦੀ ਪੂਰਤੀ ਲਈ ਆਪਣੀ ਧੀ ਜਸਮੇਰੋ ਦਾ ਰਿਸ਼ਤਾ ਵੱਡੇ ਜਿਮੀਂਦਾਰ ਦੇ ਮੁੰਡੇ ਨਾਲ ਕਰਦਾ ਹੈ। ਉਸਦੇ ਜਮਾਤੀ ਹਿੱਤਾਂ ਨੂੰ ‘ਨਵਾਂ-ਮੁੱਢ’ ਨਾਟਕ ਦੇ ਹੇਠ ਲਿਖੇ ਵੇਰਵਿਆਂ ਵਿਚੋਂ ਪਛਾਣਿਆ ਜਾ ਸਕਦਾ ਹੈ:

ਖੇਮਾ : ਤੁਹਾਡੀ ਕਿਰਪਾ ਨਾਲ ਜਮਸੇਰੋ ਦਾ ਏਸ ਛੁਟ ਦਾ ਵਿਆਹ ਧਰਿਆ ਐ।

ਹਰਿਦਾਸ : ਰੰਗ ਲਗ ਗਏ।

ਖੇਮਾ : ਤਿੰਨ ਸੌ ਵਿਘੇ ਜ਼ਮੀਨ ਐ।

ਹਰੀਦਾਸ : ਬਸ ਫੇਰ ਕਾਕੀ ਵਾਹਿਗੁਰੂ ਦੀ ਕਿਰਪਾ ਨਾਲ ਮੌਜ ਕਰੂਗੀ।

ਖੇਮਾ : ਖਾਣ ਨੂੰ ਮੁੱਕਦਾ ਨਹੀਂ। ਤੁਹਾਡੇ ਭਾਗਾਂ ਨੂੰ ਮੁੰਡਾ ਚੰਗਾ ਜੁੜ ਗਿਆ, ਸਾਊ ਐ, ਅਸ਼ਰਫ ਗਊ ਵਾਂਗ ਅਸੀਲ। ਦਾਰੂ ਜਾਂ ਗੋਲੀ ਦਾ ਕੋਈ ਐਬ ਨਹੀਂ; ਕਿਸੇ ਗੱਲੋਂ ਕਾਣਾ ਨਹੀਂ। ਜੱਟ ਵਿੱਚ ਦਾਰੂ ਦਾ ਵੈਲ ਨਾ ਹੋਵੇ, ਫੇਰ ਉਹ ਕਿਸੇ ਤੋਂ ਨਹੀਂ ਢੈਂਦਾ। ਮੇਰੇ 'ਤੇ ਬੜਾ ਭਾਰ ਸੀ ਜਸਮੇਰੋ ਦਾ। ਹੁਣ ਵਿਆਹ ਪਿਛੋਂ ਮੈਂ ਸਖਾਲਾ। ਉਹ ਆਪਣੇ ਘਰ ਜਾਊ, ਮੇਰਾ ਭਾਰ ਹੌਲਾ ਹੋਊ।'[7]

ਮਾਲਵੇ ਵਿੱਚ ਪਿੱਤਰ-ਸੱਤਾ ਵਲੋਂ ਧੀ ਦੇ ਵਿਆਹ ਵਿੱਚ ਉਸ ਦੀ ਪਸੰਦ ਨਾ-ਪਸੰਦ ਨਾਲੋਂ ਜਾਤੀ ਤੇ ਜਮਾਤੀ ਹਿੱਤਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਸੇ ਕਰਕੇ ਹੀ 'ਜੋੜੀਆਂ ਜਗ ਥੋੜੀਆਂ ਤੇ ਨਰੜ ਬਥੇਰੇ' ਦੀ ਸਭਿਆਚਾਰਕ ਉਕਤੀ ਅਨੁਸਾਰ ਔਰਤਾਂ ਸੰਕਟ ਭੋਗਣ ਲਈ ਮਜ਼ਬੂਰ ਹੋ ਜਾਂਦੀਆਂ ਹਨ। ਮਾਲਵੇ ਦੇ ਮਰਦ ਪ੍ਰਧਾਨ ਸਮਾਜ-ਸਭਿਆਚਾਰਕ ਪਰਿਵੇਸ਼ ਵਿੱਚ ਮਰਦ ਨੇ ਅਜਿਹੀਆਂ ਮਲਵਈ ਔਰਤਾਂ ਵੀ ਮਰਦ ਦੀ ਵਿਚਾਰਧਾਰਾ ਦੀਆਂ ਪਿੱਛਲੱਗ ਬਣ ਜਾਂਦਾਂ ਹਨ। ਜਾਗੀਰੂ ਰੁਚੀਆਂ ਨੇ ਅਜਿਹੇ ਸਦਾਚਾਰਕ ਪ੍ਰਤਿਮਾਨਾਂ ਦੀ ਵਿਵਸਥਾ ਕੀਤੀ ਹੈ ਜਿਹੜੇ ਔਰਤ ਦੀ ਪਵਿੱਤਰਤਾ ਨੂੰ ਨੈਤਿਕਤਾ ਦੀ ਸਿਖਰ ਤਸਲੀਮ ਕਰਦੇ ਹਨ। ਨਾਟਕਾਂ ਵਿੱਚ ਪੇਸ਼ ਔਰਤ ਪਾਤਰਾਂ ਵਿਚੋਂ ਇਕ ਉਹਨਆਂ ਪਾਤਰਾਂ ਦੀ ਹੈ ਜਿਹੜੀ ਮਰਦ ਦੇ ਜ਼ੁਲਮਾਂ ਦੀ ਸ਼ਿਕਾਰ ਹੋਣ ਦੇ ਬਾਵਜੂਦ ਮਰਦ ਦੇ ਅਧੀਨ ਕਾਰਜ ਕਰਦੀ ਹੈ। 'ਲੋਹਾ ਕੁੱਟ' ਨਾਟਕ ਦੀ ਪਾਤਰ 'ਸੰਤੀ' ਅਜਿਹੀ ਔਰਤ ਹੈ ਜਿਹੜੀ ਆਪ ਆਪਣੇ ਪਿਤਾ ਤੇ ਪਤੀ ਦੇ ਜ਼ੁਲਮ ਦੀ ਸ਼ਿਕਾਰ ਹੋਣ ਦੇ ਬਾਵਜੂਦ ਆਪਣੀ ਧੀ 'ਬੈਣੋ' ਨੂੰ ਮਰਦ ਪ੍ਰਧਾਨ ਸਮਾਜ-ਸਭਿਆਚਾਰਕ ਕਦਰਾਂ ਕੀਮਤਾਂ ਅਨੁਸਾਰ ਜੀਵਨ ਜਿਉਣ ਦਾ ਆਦੇਸ਼ ਦਿੰਦੀ ਹੈ। 'ਸੰਤੀ ਦਾ ਸੰਕਟ ਇਹ ਹੈ ਕਿ ਉਸਨੂੰ ਇਹਨਾਂ ਕਦਰਾਂ ਦੀ ਪਿੱਠ-ਭੂਮੀ ਵਿੱਚ ਪਈਆਂ ਮਰਦ ਦੀਆਂ ਲੁਕਵੀਆਂ ਚਾਲਾਂ ਦੀ ਸ਼ਾਇਦ ਚੇਤਨ ਨਹੀਂ ਹੈ। ਇਸੇ ਕਰਕੇ ਹੀ ਉਹ ਅਚੇਤ ਹੀ ਪਿੱਤਰ ਸੱਤਾ ਦੇ ਹੱਕ ਵਿੱਚ ਭੁਗਤਦੀ ਹੋਈ ਆਪਣੀ ਧੀ 'ਤੇ ਅਖੌਤੀ ਸਭਿਆਚਾਰਕ ਨੇਮਾਂ ਨੂੰ ਥੋਪਦੀ ਹੈ।

ਸੰਤੀ : ਕੁੜੀ ਨੂੰ ਚਾਹੀਦੇ ਕਿ ਉਹ ਵਿਹੜੇ ਦੇ ਅੰਦਰ ਰਹੇ, ਨਹੀਂ ਤਾਂ ਉਸਨੂੰ ਸਰਾਪ ਲਗਦੈ। ਉਹ ਤਬਾਹ ਹੋ ਜਾਂਦੀ ਐ।...

ਸੰਤੀ : ਬੈਣੋ! ਤੂੰ ਨਿਰੀ ਇਸ ਘਰ ਦੀ ਧੀ ਨਹੀਂ, ਸਾਰੇ ਪਿੰਡ ਦੀ ਧੀ ਐਂ। ਜੇ ਤੂੰ ਪਿੰਡ ਦੀ ਇੱਜ਼ਤ ਗੱਟ ਦਿੱਤੀ ਤਾਂ ਤੈਨੂੰ ਕਿਸੇ ਨਹੀਂ ਬਖਸ਼ਣਾ।[8]

'ਲੋਹਾ ਕੁੱਟ' ਨਾਟਕ ਦੀ ਪਾਤਰ ਸੰਤੀ ਵਾਂਗ 'ਸੌਕਣ' ਨਾਟਕ ਦੀ ਪਾਤਰ ਮਾਂ ਵੀ ਮਰਦ ਵਲੋਂ ਸਿਰਜੀਆਂ ਸਭਿਆਚਾਰਕ ਮਿੱਥਾਂ ਦੇ ਅੰਤਰਗਤ ਧੀ ਲਈ ਰੋਕਾਂ ਆਇਦ ਕਰਦੀ ਹੈ। ਮਾਂ ਵੀ ਆਪਣੇ ਵਿਆਹ ਬਾਹਰੇ ਕਾਮ-ਸੰਬੰਧਾਂ ਕਰਕੇ ਆਪਣੇ ਪਤੀ ਦੇ ਜ਼ੁਲਮ ਦਾ ਸ਼ਿਕਾਰ ਹੁੰਦੀ ਹੈ। ਇਸਦੇ ਬਾਵਜੂਦ ਉਹ ਪਿੱਤਰ ਸੱਤਾ ਦੇ ਹੱਕ ਵਿੱਚ ਦਲੀਲਾਂ ਦਿੰਦੀ ਹੋਈ ਔਰਤ ਨੂੰ ਮਰਦ ਦੇ ਅਧੀਨ ਪਵਿੱਤਰਤਾ ਨਾਲ ਜਿਉਣ ਦੀ ਹਾਮੀ ਭਰਦੀ ਹੈ:-

ਮਾਂ : ਮੈਂ ਇਹੋ ਚਾਹੁੰਦੀ ਸਾਂ ਕਿ ਉਹ (ਧੀ) ਆਪਣੇ ਆਦਮੀ ਨਾਲ ਦੇ ਘਰ ਕੁਆਰੀ ਜਾਵੇ, ਕੋਰੇ ਭਾਂਡੇ ਵਾਂਗ। ਉਹ ਮੇਰੇ ਕੋਲ ਬੇਗਾਨੀ ਅਮਾਨਤ ਸੀ। ਇਸੇ ਲਈ ਮੈਂ ਉਸ 'ਤੇ ਨਿਗਰਾਨੀ ਰੱਖਦੀ।...

ਮਾਂ : ਨਹੀਂ। ਤੀਵੀਂ ਨੂੰ ਚਾਹੀਦਾ ਏ ਕਿ ਮਰਦੇ ਦਮ ਤੱਕ ਪਵਿੱਤਰ ਰਹੇ।...ਆਪਣੇ ਖਾਵੰਦ ਨੂੰ ਛੱਡ ਕੇ ਕਿਸੇ ਹੋਰ ਮਰਦ ਵਲ ਨਾ ਦੇਖੇ। ਨਹੀਂ ਤਾਂ ਉਸਦੇ ਹੰਝੂ ਸੁਕ ਜਾਂਦੇ ਹਨ ਤੇ ਉਸਦੀ ਆਤਮਾ ਮਰ ਜਾਂਦੀ ਐ।'[9]

ਜਾਗੀਰੂ ਕਦਰਾਂ-ਕੀਮਤਾਂ ਵਲੋਂ ਮਲਵਈ ਸਭਿਆਚਾਰ ਨੇ ਔਰਤ ਦੁਆਲੇ ਸਭਿਆਚਾਰਕ-ਵਰਜਵਾਵਾਂ ਦਾ ਅਜਿਹਾ ਮੱਕੜ-ਜਾਲ ਬੁਣਿਆ ਹੈ ਜਿਸ ਨੂੰ ਚਾਹ ਕੇ ਵੀ ਮਲਵਈ ਔਰਤ ਛੇਤੀ ਕੀਤਿਆਂ ਤੋੜ ਨਹੀਂ ਸਕਦੀ। ਜੇਕਰ ਉਹ ਸਭਿਆਚਾਰਕ ਪ੍ਰਤਿਮਾਨਾਂ ਨੂੰ ਤੋੜਨ ਦਾ ਹੀਆ ਕਰਦੀ ਹੈ ਤਾਂ ਸਮਾਜ-ਸਭਿਆਚਾਰਕ ਚੌਗਿਰਦੇ ਵਿੱਚ ਉਸ ਨੂੰ ਤਸੀਹਿਆਂ ਨੂੰ ਦੇਖ ਕੇ ਅੰਦਰੋਂ ਕੰਬ ਜਾਂਦਾਂ ਹਨ। ਇਸ ਸਭਿਆਚਾਰਕ ਪਰਿਵੇਸ਼ ਵਿੱਚ ਆਪਮਈ ਜੂਨ ਕੱਟਣੀ ਆਪਮਈ ਹੋਣੀ ਸਮਝ ਲੈਂਦੀਆਂ ਹਨ। ਜਾਗੀਰਦਾਰੀ ਸਮਾਜ-ਸਭਿਆਚਾਰਕ ਦਾ ਇਹ ਖਾਸਾ ਹੁੰਦਾ ਹੈ ਕਿ ਇਹ ਔਰਤ ਨੂੰ ਜੀਵਨ ਦੇ ਹਰ ਪਹਿਲੂ ਤੋਂ ਮਹਿਰੂਮ ਕਰਕੇ ਨਪੀੜੀ ਰੱਖਦਾ ਹੈ। ਔਰਤ, ਮਰਦ ਦੀ ਸੁਰ ਵਿੱਚ ਸੁਰ ਮਿਲਾਉਣ ਵਿੱਚ ਹੀ ਆਪਣੀ ਭਲਾਈ ਸਮਝਣ ਲੱਗਦੀ ਹੈ। ਔਰਤ ਦੀ ਛਤਰ ਛਾਇਆ ਹੇਠ ਰਹਿੰਦੀ ਹੈ। 'ਕਣਕ ਦੀ ਬੱਲੀ' ਨਾਟਕ ਦੀ ਪਾਤਰ 'ਨਿਹਾਲੀ' ਔਰਤ ਦੀ ਅਜਿਹੀ ਮਾਨਸਿਕ ਸੰਰਚਨਾ ਨੂੰ ਹੀ ਹੇਠਠ ਲਿਖੇ ਬੋਲਾਂ ਰਾਹੀਂ ਪ੍ਰਸਤੁਤ ਕਰ ਰਹੀ ਹੈ:

ਨਿਹਾਲੀ: ....ਤੀਵੀਂ ਨੂੰ ਸਦਾ ਹੀ ਮਨੁੱਖ ਦੀ ਛਾਂ ਦੀ ਲੋੜ ਐ। ਕੁੜੀ ਹੁੰਦੀ ਐ, ਤਾਂ ਉਹ ਆਪਣੇ ਪਿਉ ਦੀ ਛਤਰ ਛਾਇਆ ਹੇਠ ਪਲਦੀ ਐ; ਜਦ ਜਵਾਨ ਹੋ ਜਾਂਦੀ ਹੈ ਤਾਂ ਉਸਦਾ ਖਾਵੰਦ ਉਸ ਦਾ ਮਾਲਕ ਹੁੰਦੈ; ਤੇ ਜਦ ਸਿਆਣੀ ਅਵਸਥਾ ਨੂੰ ਪੁੱਜ ਜਾਂਦੀ ਐ ਤਾਂ ਪੁੱਤ ਉਸ ਦੀ ਰਾਖੀ ਕਰਦਾ ਐ।[10]

ਇਸ ਤਰ੍ਹਾਂ ਮਲਵਈ ਸਮਾਜ-ਸਭਿਆਚਾਰ ਪ੍ਰਤਿਮਾਨਾਂ ਨੇ ਔਰਤ ਦੇ ਧੁਰ ਅਵਚੇਤਨ ਵਿੱਚ ਇਸ ਗਲ ਨੂੰ ਵਸਾ ਦਿੱਤਾ ਹੈ ਕਿ ਮਰਦ ਤੋਂ ਬਿਨਾਂ ਉਸਦੀ ਹੋਂਦ ਹੀ ਸੰਭਵ ਨਹੀਂ ਹੈ।

ਸੋ ਸਪੱਸ਼ਟ ਹੈ ਕਿ ਬਲਵੰਤ ਗਾਰਗੀ ਦੇ ਨਾਟਕਾਂ ਵਿੱਚ ਪੇਸ਼ ਮਾਲਵੇ ਦੇ ਪੇਂਡੂ ਸਮਾਜ-ਸਭਿਆਚਾਰ ਵਿੱਚ ਸੱਤਾਵਾਨ ਧਿਰਾਂ ਆਪਣੇ ਅਧੀਨ ਧਿਰਾਂ ਤੇ ਕਾਬਜ ਰਹਿਣ ਲਈ ਅਜਿਹੇ ਸਭਿਆਚਾਰਕ ਪ੍ਰਤਿਮਾਨਾਂ ਦੀ ਸਿਰਜਣਾ ਕਰਦੀਆਂ ਹਨ, ਜਿਸ ਅਧੀਨ ਧਿਰਾਂ ਦੀ ਚੇਤਨਾ ਖੁੰਢਾ ਕਰਨ ਲਈ ਮਿੱਥਾ ਵਾਂਗ ਕਾਰਜ ਕਰਦੇ ਹਨ। ਅਸਲ ਵਿੱਚ ਮਲਵਈ ਸਮਾਜ-ਸਭਿਆਚਾਰ ਵਿੱਚ ਜਾਗੀਰਦਾਰੀ, ਜਿਮੀਦਾਰਾਂ/ਸ਼ਾਹੂਕਾਰਾਂ ਨੇ ਮਾਲਵੇ ਦੇ ਛੋਟੇ ਕਿਸਾਨਾਂ, ਮਜ਼ਦੂਰਾਂ ਅਤੇ ਕਿਰਤੀਆਂ ਨੂੰ ਧਰਮ, ਜਾਤ ਅਤੇ ਗੋਤ ਜਿਹੇ ਹੋਰ ਕਈ ਅਮਾਨਵੀ ਵਰਤਾਰਿਆਂ ਦੇ ਚੱਕਰਵਿਊ ਵਿਚ ਐਸਾ ਉਲਝਾਇਆ ਹੈ ਕਿ ਇਹ ਵਰਤਾਰੇ ਪੀੜੀ ਦਰ ਪੀੜੀ ਉਹਨਾਂ ਦੇ ਜੀਵਨ ਦਾ ਹਿੱਸਾ ਬਣਨ ਕਰਕੇ ਉਨ੍ਹਾਂ ਦੇ ਅਵਚੇਤਨ ਦਾ ਅੰਗ ਬਣ ਗਏ ਹਨ। ਅਜਿਹੀ ਸਥਿਤੀ ਵਿੱਚ ਮਾਲਵੇ ਦੀ ਕਿਰਤੀ ਜਮਾਤ ਸੱਤਾਵਾਨ ਜਮਾਤ ਦੇ ਹਰ ਤਰ੍ਹਾਂ ਦੇ ਜ਼ੁਲਮ ਨੂੰ ਅਮੀਰਾਂ ਦੇ ਚੋਜ ਕਹਿ ਕੇ ਆਤਮ ਸੰਤੁਸ਼ਟੀ ਤਲਾਸ਼ਦੀ ਰਹੀ ਹੈ। ਸਮੁੱਚੇ ਪੰਜਾਬੀ ਸਮਾਜ-ਸਭਿਆਚਾਰ ਵਾਂਗ ਮਲਵਈ ਸਮਾਜ-ਸਭਿਆਚਾਰ ਵੀ ਜਾਤੀ ਤੇ ਜਮਾਤੀ ਖਾਸੇ ਵਾਲਾ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਸਦੀਆਂ ਤੋਂ ਕੰਮ ਦੀ ਵੰਡ ਦੇ ਆਧਾਰ ਤੇ ਉਸਰੀ ਅਖੌਤੀ ਉੱਚੀਆਂ ਜਾਤਾਂ ਦੀ ਜਾਤ-ਪਾਤ ਆਧਾਰਿਤ ਸੰਸਥਾ ਮਲਵਈ ਸਮਾਜ-ਸਭਿਆਚਾਰ ਦਾ ਅਟੁੱਟ ਅੰਗ ਬਣੀ ਰਹੀ ਹੈ।

ਹਵਾਲੇ ਅਤੇ ਟਿੱਪਣੀਆਂ

[1] ਬਲਵੰਤ ਗਾਰਗੀ, ਕੱਣਕ ਦੀ ਬੱਲੀ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2003, ਪੰਨਾ 37

[2] ਉਹੀ, ਲੋਹਾ ਕੁੱਟ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2011, ਪੰਨਾ 27

[3] ਉਹੀ, ਪੰਨਾ 49

[4] ਟੀ.ਆਰ.ਵਿਨੋਦ, ਪੰਜਾਬੀ ਨਾਵਲ: ਸੰਸਕ੍ਰਿਤਿਕ ਅਧਿਐਨ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1990, ਪੰਨਾ 98

[5] ਬਲਵੰਤ ਗਾਰਗੀ, ਲੋਹਾ ਕੁੱਟ, ਪੰਨਾ 53

[6] Friedrich Engels, The origin of Family, Private Property & State, Progress Publishers, Mosco, 1972, P.No. 9

[7] ਬਲਵੰਤ ਗਾਰਗੀ, ਨਵਾਂ ਮੁੱਢ, ਅਤਰ ਚੰਦ ਕਪੂਰ ਐਂਡ ਸੰਨਜ਼, ਦਿੱਲੀ, 1952, ਪੰਨਾ 33

[8] ਉਹੀ, ਲੋਹਾ ਕੁੱਟ, ਪੰਨਾ 25

[9] ਉਹੀ, ਸੌਂਕਣ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2000, ਪੰਨਾ 19

[10] ਉਹੀ, ਕਣਕ ਦੀ ਬੱਲੀ, ਪੰਨਾ 21